**ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਸਟੂਡੈਂਟਸ ਬਿਲੋਂਗਿੰਗ ਟੂ ਮਨਿਓਰਿਟੀ ਕਮਿਊਨਿਟੀਜ਼-100% ਸੈਂਟਰਲ ਸ਼ੇਅਰ:-**

ਇਹ ਸਕੀਮ ਮਿਤੀ 29-11-2007 ਤੋਂ ਮਨਿਸਟਰੀ ਆਫ ਮਨਿਓਰਿਟੀ ਅਫੇਅਰਜ਼, ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਦਾ ਮੁੱਖ ਮਕਸਦ ਘੱਟ ਗਿਣਤੀ ਵਰਗ(ਸਿੱਖ, ਮੁਸਲਿਮ, ਈਸਾਈ, ਬੋਧੀ, ਜੈਨ ਅਤੇ ਪਾਰਸੀ) ਦੇ ਨਾਲ ਸਬੰਧ ਰੱਖਦੇ ਬੱਚਿਆਂ ਨੂੰ ਵਜ਼ੀਫਾ ਦੇਣਾ ਹੈ ਤਾਂ ਜੋ ਉਹ ਆਪਣੀ ਉਚੇਰੀ ਪੜ੍ਹਾਈ ਕਰ ਸਕਣ ਅਤੇ ਰੁਜ਼ਗਾਰ ਪ੍ਰਾਪਤ ਕਰ ਸਕਣ।

**ਵਜ਼ੀਫੇ ਦੀਆਂ ਸ਼ਰਤਾਂ**

ਸਕਾਲਰਸ਼ਿਪ ਭਾਰਤ ਵਿੱਚ ਸਰਕਾਰੀ ਜਾਂ ਪ੍ਰਾਈਵੇਟ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਆਦਿ ਵਿੱਚ ਪੜ੍ਹ ਰਹੇ ਬੱਚਿਆ ਨੂੰ ਦਿੱਤਾ ਜਾਂਦਾ ਹੈ।ਇਹ ਸਕਾਲਰਸ਼ਿਪ ਉਨ੍ਹਾਂ ਬੱਚਿਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਦੇ ਪਿਛਲੇ ਸਾਲ ਦੇ ਇਮਤਿਹਾਨ ਵਿੱਚ 50% ਤੋਂ ਘੱਟ ਨੰਬਰ ਨਾ ਹੋਣ ਤੇ ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 2 ਲੱਖ ਤੋਂ ਜ਼ਿਆਦਾ ਨਾ ਹੋਵੇ। ਮਾਪੇ / ਬੱਚਾ ਪੰਜਾਬ ਦਾ ਵਸਨੀਕ ਹੋਵੇ ਤੇ ਵਿੱਦਿਅਕ ਸੰਸਥਾ ਵਿੱਚ ਰੈਗੂਲਰ ਪੜ੍ਹਦਾ ਹੋਵੇ। ਇਸ ਸਕੀਮ ਤਹਿਤ ਇੱਕ ਪਰਿਵਾਰ ਦੇ ਦੋ ਬੱਚਿਆਂ ਤੱਕ ਲਾਭ ਦਿੱਤਾ ਜਾਂਦਾ ਹੈ।

**ਸਕਾਲਰਸ਼ਿਪ ਦੀ ਦਰ**

| ਲੜੀ ਨੰ: | ਆਈਟਮ | ਹੋਸਟਲਰ | ਡੇਅ-ਸਕਾਲਰ |
|---|---|---|---|
| 1 | ਦਾਖਲਾ ਅਤੇ ਟਿਊਸ਼ਨ ਫੀਸ 11ਵੀਂ ਤੋਂ 12ਵੀਂ ਕਲਾਸ | ਵਾਸਤਵਿਕਤਾ ਤੇ ਆਧਾਰਤ 7,000/- ਰੁਪਏ ਪ੍ਰਤੀ ਸਾਲ | ਵਾਸਤਵਿਕਤਾ ਤੇ ਆਧਾਰਤ 7,000/- ਰੁਪਏ ਪ੍ਰਤੀ ਸਾਲ |
| 2 | ਦਾਖਲਾ ਅਤੇ ਟਿਊਸ਼ਨ ਫੀਸ 11ਵੀਂ ਤੋਂ 12ਵੀਂ ਕਲਾਸ ਦੇ ਪੱਧਰ ਦੇ ਟੈਕਨੀਕਲ ਅਤੇ ਵੋਕੇਸ਼ਨਲ ਕੋਰਸ | ਵਾਸਤਵਿਕਤਾ ਤੇ ਆਧਾਰਤ 10,000/- ਰੁਪਏ ਪ੍ਰਤੀ ਸਾਲ | ਵਾਸਤਵਿਕਤਾ ਤੇ ਆਧਾਰਤ 10,000/- ਰੁਪਏ ਪ੍ਰਤੀ ਸਾਲ |
| 3 | ਦਾਖਲਾ ਅਤੇ ਟਿਊਸ਼ਨ ਫੀਸ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਕਲਾਸ | ਵਾਸਤਵਿਕਤਾ ਤੇ ਆਧਾਰਤ 3,000/- ਰੁਪਏ ਪ੍ਰਤੀ ਸਾਲ | ਵਾਸਤਵਿਕਤਾ ਤੇ ਆਧਾਰਤ 3,000/- ਰੁਪਏ ਪ੍ਰਤੀ ਸਾਲ |
| 4 | ਮੈਨਟੀਨੈਂਸ ਭੱਤਾ ਇੱਕ ਵਿਦਿਅਕ ਸਾਲ ਵਿੱਚ 10 ਮਹੀਨਿਆਂ ਤੋਂ ਵੱਧ ਲਈ ਨਹੀਂ ਦਿੱਤਾ ਜਾਵੇਗਾ | | |
| | (i) ਕਲਾਸ 11ਵੀਂ ਤੋਂ 12ਵੀਂ ਅਤੇ ਟੈਕਨੀਕਲ/ਵੋਕੇਸ਼ਨਲ ਕੋਰਸ | 380/- ਰੁਪਏ ਪ੍ਰਤੀ ਮਹੀਨਾ | 230/- ਰੁਪਏ ਪ੍ਰਤੀ ਮਹੀਨਾ |
| | (ii) ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਕਲਾਸ | 570/- ਰੁਪਏ ਪ੍ਰਤੀ ਮਹੀਨਾ | 300/- ਰੁਪਏ ਪ੍ਰਤੀ ਮਹੀਨਾ |

| | | | |
|---|---|---|---|
| | (iii) ਐਮ.ਫਿਲ ਅਤੇ ਪੀ.ਐਚ.ਡੀ (ਉਨ੍ਹਾਂ ਵਿਦਿਆਰਥੀਆਂ ਲਈ ਜੋ ਕੋਈ ਫੈਲੋਸ਼ਿਪ ਨਹੀਂ ਲੈ ਰਹੇ) | 1,200/- ਰੁਪਏ ਪ੍ਰਤੀ ਮਹੀਨਾ | 550/- ਰੁਪਏ ਪ੍ਰਤੀ ਮਹੀਨਾ |

**ਅਪਲਾਈ ਕਰਨ ਦੀ ਵਿਧੀ**

ਇਹ ਸਕੀਮ ਸੈਸ਼ਨ 2013-14 ਤੋਂ ਪੂਰਨ ਤੌਰ ਤੇ ਆਨਲਾਈ ਕਰ ਦਿੱਤੀ ਗਈ ਹੈ। ਵਿਦਿਆਰਥੀ ਸਕਾਲਰਸ਼ਿਪ ਦਾ ਫਾਰਮ ਆਨਲਾਈਨ ਵੈਬਸਾਈਟ **www.scholarships.gov.in** ਤੇ ਜਾ ਕੇ ਭਰ ਸਕਦੇ ਹਨ। ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੀ ਪੇਮੈਂਟ ਵੀ ਸਿੱਧੀ ਉਨ੍ਹਾਂ ਦੇ ਖਾਤਿਆਂ ਵਿੱਚ ਆਨਲਾਈਨ ਕੀਤੀ ਜਾਂਦੀ ਹੈ।